International Journal of Applied Research 2023; 9(5): 351-355



International Journal of Applied Research

**ISSN Print:** 2394-7500
**ISSN Online:** 2394-5869
**Impact Factor:** 8.4
IJAR 2023; 9(5): 351-355
www.allresearchjournal.com
Received: 29-03-2023
Accepted: 05-05-2023

**Dr. Jatinder Kaur**
Assistant Professor,
Department of Punjabi, Guru Arjan Dev Khalsa College, Chohla Sahib, Punjab, India

**Corresponding Author:**
**Dr. Jatinder Kaur**
Assistant Professor,
Department of Punjabi, Guru Arjan Dev Khalsa College, Chohla Sahib, Punjab, India

# Guru Nanak Rachit: Barahmah Tukhari

**Dr. Jatinder Kaur**

## ਪ੍ਰਸਤਾਵਨਾ

'ਬਾਰਾਂਮਾਂਹ' ਇਕ ਪ੍ਰਸਿੱਧ ਲੋਕ ਕਾਵਿ ਰੂਪ ਹੈ । ਜਿਸ ਵਿਚ ਸਾਲ ਦੇ ਬਾਰਾਂ ਮਹੀਨਿਆਂ ਦਾ ਵਰਨਣ ਆਮ ਤੌਰ ਤੇ ਵਿਛੋੜਾ, ਤੜਪ ਅਤੇ ਮਿਲਾਪ ਦੇ ਸੁਮੇਲ ਨਾਲ ਭਰਪੂਰ ਹੁੰਦਾ ਹੈ । ਇਸ ਦੀ ਵਰਤੋਂ ਆਮ ਤੌਰ ਤੇ ਉਹ ਮੁਟਿਆਰਾਂ ਆਪਣੀਆਂ ਭਾਵਨਾਵਾਂ ਦੀ ਪੇਸ਼ਕਾਰੀ ਲਈ ਕਰਦੀਆਂ ਹਨ ਜਿਨ੍ਹਾਂ ਦੇ ਪਤੀ ਸਰੀਰਕ ਤੌਰ ਤੇ ਉਨ੍ਹਾਂ ਤੋਂ ਦੂਰ ਹੁੰਦੇ ਹਨ ਪਰ ਮਾਨਸਿਕ ਤੌਰ ਤੇ ਹਰ ਵੇਲੇ ਉਨ੍ਹਾਂ ਦੇ ਕੋਲ । ਅਜਿਹੀਆਂ ਮੁਟਿਆਰਾਂ ਸਿੱਧੇ ਜਾਂ ਅਸਿੱਧੇ ਤੌਰ ਤੇ ਰੁੱਤਾਂ ਤੇ ਮੌਸਮ ਬਦਲਣ ਨਾਲ ਆਪਣੇ ਪਤੀ / ਪ੍ਰੇਮੀ ਨੂੰ ਯਾਦ ਕਰਦੀਆਂ ਹਨ । ਇਸੇ ਹੀ ਪ੍ਰਸਿੱਧ ਲੋਕ ਕਾਵਿ ਰੂਪ ਨੂੰ ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਵਰਤ ਕੇ ਇਸ ਵਿਚ ਨਵੇਂ ਅਰਥ ਭਰੇ ਹਨ। ਉਨ੍ਹਾਂ ਨੇ ਦੁਨਿਆਵੀ ਜੀਵਾਂ ਨੂੰ ਪ੍ਰਮਾਤਮਾ ਤੇ ਆਤਮਾ ਦੇ ਆਪਸੀ ਸੰਬੰਧ ਨੂੰ ਸਮਝਾਉਣ ਲਈ ਬਾਰਾਂਮਾਹ ਕਾਵਿਰੂਪ ਵਰਤਿਆ ਹੈ । 'ਬਾਰਾਂਮਾਹ ਤੁਖਾਰੀ' ਗੁਰੂ ਨਾਨਕ ਸਾਹਿਬ ਦੇ ਅੰਤਮ ਸਮੇਂ ਦੀਆਂ ਰਚਨਾਵਾਂ ਵਿਚੋਂ ਹੈ । ਜੋ ਗੁਰੂ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਸ੍ਰੀ ਕਰਤਾਰਪੁਰ ਵਿਚ ਉਚਾਰਨ ਕੀਤੀ । ਇਸ ਬਾਣੀ ਵਿਚ ਗੁਰੂ ਜੀ ਨੇ ਅਜਿਹੇ ਭਾਵ ਪ੍ਰਗਟ ਕੀਤੇ ਹਨ ਜਿਵੇਂ ਪੇਕੇ ਘਰ ਰਹਿੰਦੀ ਇਸਤਰੀ ਆਪਣੇ ਪਤੀ ਨੂੰ ਮਿਲਣ ਭਾਵ ਸਹੁਰੇ ਜਾਣ ਲਈ ਤਿਆਰ ਹੁੰਦੀ ਹੈ । ਪਹਿਲਾਂ ਪਤੀ ਨਾਲੋਂ ਵਿਛੋੜੇ ਦਾ ਭਾਵ ਜਾਗਦਾ ਹੈ ਅਤੇ ਫਿਰ ਪ੍ਰਿਉ-ਪ੍ਰਿਉ ੁਕਰਦੀ ਪਤੀ ਦਾ ਰਾਹ ਤੱਕਦੀ ਹੈ । ਪਤੀ ਦੇ ਚੰਗੇ ਗੁਣ ਯਾਦ ਕਰਦੀ ਮੇਲ ਦੀ ਤਾਂਘ ਬਿਆਨ ਕਰਦੀ ਹੈ । ਬਾਰਾਂਮਾਂਹ ਵਿਚ ਬਿਰਹੋਂ ਦੀਆਂ ਤੜਪਾਂ ਤੋਂ ਸ਼ੁਰੂ ਹੋ ਕੇ ਅੰਤ ਮੇਲ ਦੇ ਆਨੰਦ ਤਕ ਦਾ ਬੜਾ ਸੁੰਦਰ ਤੇ ਦਿਲ ਖਿੱਚਵਾਂ ਬਿਆਨ ਹੈ । ਗੁਰੂ ਜੀ ਬਾਰਾਂਮਾਂਹ ਦੇ ਪਹਿਲੇ ਚਾਰ ਛੰਦਾਂ ਵਿਚ ਵਿਛੋੜੇ ਤੇ ਫੇਰ ਮੇਲ ਨੂੰ ਸਧਾਰਨ ਢੰਗ ਨਾਲ ਥੋੜ੍ਹੇ ਸ਼ਬਦਾਂ ਵਿਚ ਬਿਆਨ ਕਰਦੇ ਹਨ ਤੇ ਫਿਰ ਵਿਸਥਾਰ ਨਾਲ ਬਾਰਾਂ ਮਹੀਨਿਆਂ ਰਾਹੀਂ ਬਿਆਨ ਕਰਦੇ ਹਨ, ਅੰਤ ਦਾ ਛੰਦ ਸਮੁੱਚੀ ਵਿਚਾਰ ਦੀ ਪੇਸ਼ਕਾਰੀ ਕਰਦਾ ਹੈ ਜੋ ਮਨੁੱਖੀ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਵਰਨਣ ਕਰਦਾ ਹੈ ।

ਗੁਰੂ ਨਾਨਕ ਬਾਣੀ ਅਨੁਸਾਰ ਮਨੁੱਖ ਦਾ ਜਨਮ ਹੀ ਨਾਮ ਦਾ ਸਿਮਰਨ ਕਰਕੇ ਹੋਇਆ ਹੈ । ਇਹ ਜਗਤ ਪਰਮਾਤਮਾ ਦਾ ਸਿਰਜਿਆ ਹੋਇਆ ਇਕ ਪਸਾਰਾ ਹੈ ਜਿਸ ਵਿਚ ਲਖ ਚੌਰਾਸੀ ਜੂਨਾਂ ਉਸ ਅਕਾਲ ਪੁਰਖ ਦੀਆਂ ਘੜੀਆਂ ਹੋਈਆਂ ਹਨ, ਜਿਸ ਵਿਚੋਂ ਸਭ ਤੋਂ ਉੱਤਮ ਜੀਵ ਮਨੁੱਖ ਹੈ । ਗੁਰੂ ਜੀ ਪਰਮਾਤਮਾ ਦੀ ਉਸਤਤ ਕਰਦੇ ਹਨ :

ਹਰਿ ਰਚਨਾ ਤੇਰੀ ਕਿਆ ਗਤਿ ਮੇਰੀ
ਹਰਿ ਬਿਨੁ ਘੜੀ ਨ ਜੀਵਾ ।।[1]
ਰਚਨਾ ਰਾਚਿ ਰਹੇ ਨਿਰੰਕਾਰੀ
ਪ੍ਰਭ ਮਨਿ ਕਰਮ ਸੁਕਰਮਾ।।[2]

ਇਹ ਸਾਰਾ ਪਸਾਰਾ ਹਰੀ ਦਾ ਰਚਿਆ ਹੋਇਆ ਹੈ ਤੇ ਮਨੁੱਖ ਆਪਣੇ ਚੰਗੇ ਮਾੜੇ ਕਰਮਾਂ ਕਰਕੇ ਹੀ ਦੁੱਖ ਸੁੱਖ ਭੋਗਦਾ ਹੈ। ਸੰਸਾਰ ਵਿਚ ਜਿਹੜਾ ਰਿਸ਼ਤਾ ਪਤੀ ਪਤਨੀ ਦਾ ਹੈ ਉਹੀ ਆਤਮਾ ਤੇ ਪਰਮਾਤਮਾ ਦਾ ਹੈ ਜਿਵੇਂ ਪਤੀ ਤੋਂ ਬਿਨਾਂ ਪਤਨੀ ਅਧੂਰੀ ਹੈ ਇਸੇ ਤਰ੍ਹਾਂ ਉਹ ਆਤਮਾ ਅਧੂਰੀ ਹੈ ਜਿਹੜੀ ਪਤੀ ਰੂਪੀ ਪਰਮਾਤਮਾ ਦੇ ਨਾਲ ਮਿਲਾਪ ਨਹੀਂ ਰੱਖਦੀ। ਗੁਰੂ ਜੀ ਅਨੁਸਾਰ ਚਿਤ ਰੂਪੀ ਬਬੀਹਾ ਪਤੀ ਪਤੀ ਕਰਦਾ ਹੈ ਅਤੇ ਜੀਭ ਰੂਪ ਕੋਇਲ ਪਿਆਰ ਦੀਆਂ ਬੋਲੀਆਂ ਬੋਲਦੀ ਹੈ।

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ ।।
ਸਾਧਨ ਸਭਿ ਰਸ ਚੋਲੈ ਅੰਕਿਸ ਮਾਣੀਆ ।।[3]

ਗੁਰੂ ਜੀ ਅਨੁਸਾਰ ਆਤਮਾ ਰੂਪੀ ਇਸਤਰੀ ਨੌਂ ਗੋਲਕਾਂ (ਵਾਲੇ ਸਰੀਰ) ਨੂੰ ਪਤੀ ਦਾ ਉੱਚਾ ਨਿਵਾਸ ਸਥਾਨ ਬਣਾ ਕੇ ਉਥੇ ਆਪਣੇ ਸਵੈ ਸਰੂਪ ਵਿਚ ਹਰੀ ਦਾ ਵਾਸਾ ਵੇਖਦੀ ਹੈ।

ਨਵ ਘਰ ਥਾਪਿ ਮਹਲ ਘਰੁ ਊਚਉ
ਨਿਜ ਘਰਿ ਵਾਸੁ ਮੁਰਾਰੇ ।।[4]

ਜੀਵਾਤਮਾ ਪ੍ਰਮਾਤਮਾ ਨੂੰ ਰਾਤ ਦਿਨ ਭਾਵ ਸਦਾ ਪ੍ਰੇਮ ਨਾਲ ਉਸ ਨੂੰ ਸਿਮਰਦੀ ਹੈ। ਜੀਵਾਤਮਾ ਪ੍ਰੀਤਮ ਦੇ ਹਰੀ ਰਸ ਵਿਚ ਭਿੱਜੀ ਹੋਈ ਉਸਦੇ ਗੁਣ ਗਾਉਂਦੀ ਹੈ। ਗੁਰੂ ਜੀ ਫੁਰਮਾਉਂਦੇ ਹਨ:

ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ ।।
ਮਨਿ ਤਨਿ ਰਵ ਤਰ ਵੰਨੇ ਘੜੀ ਨ ਬੀਸਹੈ ।।[5]

ਗੁਰੂ ਜੀ ਅਨੁਸਾਰ ਉਹ ਹਰੀ ਸੁਹਾਗਣੀਆਂ ਨੂੰ ਭੋਗਦਾ ਹੈ, ਫਿਰ ਉਹ ਆਪਣੇ ਭਗਤੀ ਵਾਲੇ ਜੀਵ ਨੂੰ ਕਿਵੇਂ ਵਿਸਾਰ ਸਕਦਾ ਹੈ। ਪਰਮਾਤਮਾ ਦੀ ਕਿਰਪਾ ਨਾਲ ਹੀ ਉਹ ਹਰੀ ਮਨ ਵਿਚ ਆ ਕੇ ਵੱਸਦਾ ਹੈ।
ਉਹ ਬਾਰਾਂਮਾਂਹ ਦਾ ਆਰੰਭ ਕਰਦੇ ਹੋਏ ਚੇਤ ਦੇ ਮਹੀਨੇ ਵਿਚ ਬਾਰ ਦੇ ਉਸ ਇਲਾਕੇ ਨੂੰ ਯਾਦ ਕਰਦੇ ਹਨ ਜਿਥੇ ਉਨ੍ਹਾਂ ਦਾਬਚਪਨ ਬੀਤਿਆ। ਗੁਰੂ ਜੀ ਦਾਫੁਰਮਾਨ ਹੈ:

ਚੇਤ ਬਸੰਤ ਭਲਾ ਭਵਰ ਸੁਹਾਵੜੇ ।।
ਬਨ ਫੂਲੇ ਮੰਝ ਬਾਰਿ ਮੈਂ ਪਿਰੁ ਘਰਿ ਬਾਹੁੜੈ ।।[6]

ਭਾਵ ਬਾਰ ਦੇ ਇਲਾਕੇ ਵਿਚ ਵਣ ਫੁੱਲ ਪਵੇ ਤਾਂ ਰੌਣਕ ਬਣਦੀ ਹੈ ਇਸੇ ਤਰ੍ਹਾਂ ਪਤੀ/ਪਰਮਾਤਮਾ ਦਾ ਵਾਸਾ ਘਰ/ਜੀਵਾਤਮਾ ਵਿਚ ਹੋਵੇ ਤਾਂ ਘਰ ਵਿਚ ਮੰਗਲ ਹੋ ਜਾਂਦਾ ਹੈ। ਬਹਾਰ ਦਾ ਮੌਸਮ ਆਉਣ ਨਾਲ ਹਰ ਪਾਸੇ ਖੇੜੇ ਆ ਜਾਂਦੇ ਹਨ ਪਰ ਉਹ ਜੀਵਾਤਮਾ ਜੋ ਪਰਮਾਤ। ਤੋਂ ਵਿੱਛੜੀ ਹੋਈ ਹੈ ਉਸਨੂੰ ਬਹਾਰ ਵਿਚ ਵੀ ਕੁਝ ਚੰਗਾ ਨਹੀਂ ਲੱਗਦਾ। ਜੇ ਪ੍ਰੀਤਮ ਭਾਵ ਪਤੀ ਜੀਵਾਤਮਾ ਨੂੰ ਮਿਲ ਪੈਂਦਾ ਹੈ ਤਾਂ ਉਸ ਦ ਾਮੁੱਲ ਪੈ ਜਾਂਦਾ ਹੈ।

ਫਿਰ ਜੀਵਾਤਮਾ ਵੈਸਾਖ ਦੇ ਮਹੀਨੇ ਪ੍ਰੀਤਮ ਨੂੰ ਘਰ ਵਿਚ ਵਾਸਾ ਕਰਨ ਲਈ ਤਰਲੇ ਪਾਉਂਦੀ ਹੈ:

ਵੈਸਾਖੁ ਭਲਾ ਸਾਖਾ ਵੇਸ ਕਰੇ ।।
ਧਨ ਦੇਖੈ ਹਰਿ ਦੁਆਰਿਆ ਵਹੁ ਦਇਆ ਕੇਰਾ ।।[7]

ਜੀਵਾਤਮਾ ਦਇਆ ਦੀ ਪ੍ਰਾਪਤੀ ਲਈ ਤਰਲੇ ਕਰਦੀ ਹੈ ਕਿਉਂਕਿ ਪ੍ਰੀਤਮ ਤੋਂ ਬਿਨਾਂ ਉਸਦਾ ਮੁੱਲ ਅੱਧੀ ਕੌਡੀ ਦਾ ਵੀ ਨਹੀਂ ਪਰ ਜੇ ਉਹੀ ਜੀਵਾਤਮਾ ਪ੍ਰੀਤਮ ਨੂੰ ਚੰਗੀ ਲੱਗ ਜਾਵੇ ਤਾਂ ਉਸ ਦੀ ਸੁਰਤ ਸ਼ਬਦ ਵਿਚ ਜੁੜ ਕੇ ਮਨ ਨੂੰ ਪਸੀਜ ਲੈਂਦੀ ਹੈ। ਗੁਰੂ ਜੀ ਦਾ ਫੁਰਮਾਨ ਹੈ:

ਨਾਨਕ ਵੈਸਾਖ ਪ੍ਰਭੁ ਪਾਵੈ, ਸੁਰਤਿ ਸਬਦਿ ਮਨੁ ਮਾਨਾ ।।[8]

ਫਿਰ ਗੁਰੂ ਜੀ ਜਗਿਆਸੂ ਆਤਮਾ ਦੀ ਹਾਲਤ ਜੋ ਪਰਮਾਤਮਾ ਤੋਂ ਵਿਛੋੜੇ ਦੀ ਹਾਲਤ ਵਿਚ ਹੁੰਦੀ ਹੈ ਉਸ ਦਾ ਬਿਆਨ ਜੇਠ ਦੇ ਮਹੀਨੇ ਵਿਚ ਕਰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ:

ਜੇਠੁ ਭਲਾ ਪ੍ਰੀਤਮ ਕਿਉ ਬਿਸਰੈ ।।
ਥਲ ਤਾਪਹਿ ਸਰ ਭਾਰ ਸਾਧਨ ਬਿਨ ਉਕਰੈ ।।[9]

ਪ੍ਰੀਤਮ ਤੋਂ ਵਿਛੋੜੇ ਦੀ ਹਾਲਤ ਵਿਚ ਜੀਵਾਤਮਾ ਥਲ ਵਾਂਗ ਤੱਪ ਰਹੀ ਹੈ ਤੇ ਉਸ ਪਰਮਾਤਮਾ ਅੱਗੇ ਬੇਨਤੀ ਕਰਦੀ ਉਸਦੇ ਗੁਣਾਂ ਨੂੰ ਯਾਦ ਕਰਦੀ ਹੈ ਤੇ ਇੱਛਾ ਕਰਦੀ ਹੈ ਕਿ ਮੈਂ ਉਸ ਪ੍ਰੀਤਮ ਨੂੰ ਚੰਗੀ ਲੱਗ ਸਕਾਂ। ਗੁਰੂ ਜੀ ਜੀਵਾਤਮਾ ਦੇ ਰੂਪ ਵਿਚ ਫੁਰਮਾਉਂਦੇ ਹਨ:

ਨਾਨਕ ਜੇਠਿ ਜਾਣੈ ਤਿਸ ਜੈਸੀ ।।
ਜਸੀਂ ਕਰਮ ਮਿਲੈ ਗੁਣ ਗਹਿਲੀ ।।[10]

ਫਿਰ ਗੁਰੂ ਜੀ ਅਸਾੜ (ਹਾੜ) ਮਹੀਨੇ ਦੀ ਤਪਦੀ ਗਰਮੀ ਵਿਚ ਪ੍ਰਭੂ ਪ੍ਰੀਤਮ ਦੇ ਵਿਛੋੜੇ ਵਿਚ ਸੜ ਰਹੀ ਜੀਵਾਤਮਾ ਦੇ ਦੁੱਖਾਂ ਦੀ ਸਿਖਰ ਬਿਆਨ ਕਰਦੇ ਆਖਦੇ ਹਨ ਜਿਸ ਤਰ੍ਹਾਂ ਸੂਰਜ ਜੋ ਅਗਨ ਰੂਪ ਹੈ ਰਸ ਨੂੰ ਸੁਕਾਂਦਾ ਹੈ, ਧੁਖ ਧੁਖ ਮਰਦਾ ਹੈ, ਤਾਂ ਵੀ ਉਸ ਦਾ ਕੰਮ ਜਾਰੀ ਹੈ। ਇਸ ਸੂਰਜ ਦਾ ਹੱਥ ਫਿਰਦਾ ਹੈ ਤੇ ਇਸਤਰੀ ਗਰਮੀ ਤੋਂ ਬਚਣ ਲਈ ਛਾਂ ਲੱਭਦੀ ਫਿਰਦੀ ਹੈ। ਗੁਰੂ ਜੀ ਫੁਰਮਾਉਂਦੇ ਹਨ:

ਅਸਾੜੁ ਭਲਾ ਸੂਰਜੁ ਗਗਨਿ ਤਪੈ ।।
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ।।[11]

ਗੁਰੂ ਜੀ ਫੁਰਮਾਉਂਦੇ ਹਨ ਜਿਹੜੀ ਜੀਵ ਇਸਤਰੀ ਔਗੁਣਾਂ ਨਾਲ ਭਰੀ ਹੋਈ ਦੁਨੀਆ ਵਿਚ ਵਿਚਰਦੀ ਹੈ ਉਸ ਨੂੰ ਅੱਗੇ ਜਾ ਕੇ ਦੁੱਖਾਂ ਦਾ ਸਾਹਮਣਾ ਹੀ ਕਰਨਾ ਪੈਂਦਾ ਹੈ। ਸੁੱਖ ਉਹੀ ਜੀਵ ਇਸਤਰੀ ਭੋਗਦੀ ਹੈ ਜੋ ਸੱਚ ਨੂੰ ਸੰਭਾਲਦੀ ਹੈ।

ਜਿਹੜੀ ਜੀਵ ਇਸਤਰੀ ਸੱਚ ਨੂੰ ਸੰਭਾਲਦੀ ਪਤੀ/ਪ੍ਰੀਤਮ ਭਾਵ ਪਰਮਾਤਮਾ ਨੂੰ ਯਾਦ ਕਰਦੀ ਹੈ ਉਸਦੇ ਮਨ ਵਿਚ ਇਸ ਤਰ੍ਹਾਂ ਖੇੜਾ ਪੈਦਾ ਹੁੰਦਾ ਹੈ ਜਿਵੇਂ ਸਾਵਣ ਦੇ ਮਹੀਨੇ ਵਿਚ ਬੱਦਲਾਂ ਦੇ ਛਾ ਜਾਣ ਤੇ ਬਰਸਾਤ ਦੇ ਆਉਣ ਨਾਲ ਸਾਰੀ ਬਨਸਪਤੀ ਹਰੀ ਭਰੀ ਹੋ ਕੇ ਖੇੜੇ ਵਿਚ ਆ ਜਾਂਦੀ ਹੈ। ਗੁਰੂ ਜੀ ਦਾਫੁਰਮਾਨ ਹੈ:

ਸਾਵਣਿ ਸਰਸ ਮਨਾ ਘਣ ਵਰਸ ਹਿਰੁਤ ਆਏ ।।
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਨਿਪਾਏ ।।[12]

ਸਾਵਣ ਮਹੀਨੇ ਦੀ ਵਰਖਾ ਰੁੱਤ ਦੇ ਨਾਲ ਹੀ ਕਈ ਤਰ੍ਹਾਂ ਦੇ ਮੌਸਮੀ ਜੀਵ ਜੰਤੂ ਪੈਦਾ ਹੁੰਦੇ ਹਨ ਭਾਵ ਜਦੋਂ ਵਰਖਾ ਦੇ ਪਾਣੀ ਨਾਲ ਸਰੋਵਰ ਨੱਕੋ ਨੱਕ ਭਰ ਜਾਂਦੇ ਹਨ ਤਾਂ ਡੱਡੂ ਬੋਲਦੇ, ਮੋਰ ਕੂਕਦੇ ਤੇ ਕਈ ਤਰ੍ਹਾਂ ਦੇ ਪਤੰਗੇ ਤੇ ਸੱਪ ਡੱਸਣ ਲਈ ਬਾਹਰ ਆ ਜਾਂਦੇ ਹਨ । ਭਾਵ ਜਦੋਂ ਜੀਵਾਤਮਾ ਵਿਚ ਪਰਮਾਤਮਾ ਦੇ ਮਿਲਾਪ ਉਪਰੰਤ ਖੇੜਾ ਤੇ ਆਨੰਦ ਦੀ ਅਵਸਥਾ ਪੈਦਾ ਹੁੰਦੀ ਹੈ ਤਾਂ ਕਈ ਤਰ੍ਹਾਂ ਦੇ ਵਿਕਾਰ ਪੈਦ ਹੁੰਦੇ ਹਨ ਤੇ ਆਨੰਦ ਤੇ ਮਿਲਾਪ ਦੀ ਅਵਸਥਾ ਵਿਚ ਵਿਘਣ ਪਾਉਣ ਦੀ ਕੋਸ਼ਿਸ਼ ਕਰਦੇ ਹਨ ਜਿਸ ਬਾਰੇ ਗੁਰੂ ਜੀ ਭਾਦਰੋਂ ਦੇ ਮਹੀਨੇ ਵਿਚ ਪੈਦਾ ਹੋਈ ਅਵਸਥਾ ਨੂੰ ਜੀਵਾਤਮਾ ਦੀ ਸਥਿਤੀ ਵਜੋਂ ਬਿਆਨ ਕਰਦੇ ਹਨ :

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ।।
ਯਲ ਥਲ ਨੀਰਿ ਭਰੇ ਬਰਸ ਰੁਤੇ ਰੰਗੁਮਾਣੀ ।।
ਬਰਸੇ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਸਵੰਤੇ ।।
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰ ਹਿਡ ਸੰਤੈ ।।[13]

ਇਸ ਦੇ ਬਾਵਜੂਦ ਵੀ ਜੋ ਜੀਵ ਇਸਤਰੀ ਆਪਣੇ ਪ੍ਰਭੂ ਪ੍ਰੀਤਮ ਦੇ ਸੱਚੇ ਮਾਰਗ ਤੇ ਤੁਰਦੀ ਹੈ ਉਹ ਜਰੂਰ ਕਿਰਪਾ ਦੀ ਪਾਤਰ ਬਣਦੀ ਹੈ। ਫਿਰ ਮਿਲਾਪ ਦੀ ਅਗਲੀ ਅਵਸਥਾ ਨੂੰ ਗੁਰੂ ਜੀ ਅੱਸੂ ਦੇ ਮਹੀਨੇ ਦੇ ਹਵਾਲੇ ਨਾਲ ਬਿਆਨ ਕਰਦੇ ਹਨ ਕਿ ਜਦ ਜੀਵ ਇਸਤਰੀ ਪ੍ਰਭੂ ਪ੍ਰੀਤਮ ਨੂੰ ਮਿਲ ਪੈਂਦੀ ਹੈ ਤਾਂ ਉਹ ਆਪਣੀ ਅਵੱਸਥਾ ਤੋਂ ਕਦੇ ਖੁੰਝਦੀ ਨਹੀਂ ਹੈ। ਗੁਰੂ ਜੀ ਦਾ ਫੁਰਮਾਨ ਹੈ:

ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ ।।
ਚਾਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ।।[14]

ਅੱਸੂ ਦੀ ਮਹੀਨੇ ਰਾਹੀਂ ਉਸ ਜੀਵ ਇਸਤਰੀ ਦੀ ਅਵੱਸਥਾ ਦਾ ਬਿਆਨ ਗੁਰੂ ਜੀ ਨੇ ਕੀਤਾ ਹੈ ਜਿਹੜੀ ਭਰ ਜੁਆਨੀ ਵਿਚੋਂ ਲੰਘ ਚੁੱਕੀ ਹੈ ਤੇ ਬੁਢੇਪੇ ਦੀ ਅਵੱਸਥਾ ਵੱਲ ਅੱਗੇ ਵੱਧ ਰਹੀ ਹੈ । ਅੱਸੂ ਦੇ ਮਹੀਨੇ ਵਿਚ ਜੀਵ ਇਸਤਰੀ ਵਿਚੋਲੇ ਭਾਵ ਗੁਰੂ ਰਾਹੀਂ ਪ੍ਰਭੂ ਪ੍ਰੀਤਮ ਤੱਕ ਪਹੁੰਚਦੀ ਹੈ । ਸਹਿਜ ਅਵਸਥਾ ਵਿਚ ਜੋ ਜੀਵ ਇਸਤਰੀ ਪ੍ਰਭੂ ਪਤੀ ਦੇ ਪ੍ਰੇਮ ਨੂੰ ਹਿਰਦੇ ਵਿਚ ਵਸਾਉਂਦੀ ਹੈ ਉਸ ਦਾ ਤਨ ਮਨ ਹਰਿਆਵਲ ਭਾਵ ਮਾਨਸਿਕ ਆਨੰਦ ਨਾਲ ਤ੍ਰਿਪਤ ਹੋ ਜਾਂਦਾ ਹੈ ।

ਕੱਤਕ ਦੇ ਮਹੀਨੇ ਵਿਚ ਜੀਵ ਇਸਤਰੀ ਦੀ ਹਾਲਤ ਦਾ ਬਿਆਨ ਕਰਦੇ ਗੁਰੂ ਜੀ ਫੁਰਮਾਉਂਦੇ ਹਨ:

ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ।।
ਦੀਪਕ ਸਹਿਜ ਬਲੈ ਭਤਿ ਜਲਾਇਆ ।।[15]

ਗੁਰੂ ਜੀ ਫੁਰਮਾਉਂਦੇ ਹਨ ਉਹ ਹੀ ਦੀਵਾ ਸਹਿਜ ਨਾਲ ਬਲਦਾ ਹੈ, ਜੋ ਗਿਆਨ ਤੱਤ ਨਾਲ ਬਾਲਿਆ ਗਿਆ । ਦੀਵੇ ਵਿਚ ਤੇਲ ਰਸ (ਪ੍ਰੇਮ) ਦਾ ਹੈ, ਜਿਸ ਨਾਲ ਜੀਵ ਇਸਤਰੀ ਦਾ ਪ੍ਰਭੂ ਪਤੀ ਨਾਲ ਮੇਲ ਹੁੰਦਾ ਹੈ ਅਤੇ ਫਿਰ ਉਹ ਉਮਾਹ ਨਾਲ ਪ੍ਰਸੰਨ ਹੁੰਦੀ ਹੈ ਭਾਵ ਉਸਨੂੰ ਉਹ ਫਲ ਪ੍ਰਾਪਤ ਹੁੰਦਾ ਹੈ ਜੋ ਉਸਨੂੰ ਭਾਉਂਦਾ ਭਾਵ ਚੰਗਾ ਲੱਗਦਾ ਹੈ । ਗੁਰੂ ਜੀ ਫੁਰਮਾਉਂਦੇ ਹਨ ਕਿ ਜੀਵ ਇਸਤਰੀ ਪਾਪਾਂ ਦੀ ਮਾਰੀ ਹੋਈ ਮਰ ਕੇ ਮੁਕਤ ਨਹੀਂ ਹੁੰਦੀ, ਗੁਣਾਂ ਨਾਲ ਮਾਰੀਜਾ ਕੇ ਹੀ ਮੁਕਤ ਹੁੰਦੀ ਹੈ । ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭੂ ਜਿਨ੍ਹਾਂ ਨੂੰ ਤੂੰ ਨਾਮ ਤੇ ਭਗਤੀ ਦਿੰਦਾ ਹੈ, ਉਹ ਆਪਣੇ ਅਸਲੀ ਘਰ (ਹਰੀ ਦੀ ਹਜੂਰੀ) ਵਿਚ ਬੈਠੇ ਹਨ ਤੇ ਸਦਾ ਉਨ੍ਹਾਂ ਨੂੰ ਤੇਰੀ ਹੀ ਆਸ ਲੱਗੀ ਹੈ । ਹੇ ਪ੍ਰਭੂ ਅਜਿਹੇ ਭਗਤਾਂ ਭਾਵ ਜੀਵਾਂ ਨੂੰ ਦਰਵਾਜੇ ਦੇ ਭਿਤ ਖੋਲ੍ਹ ਕੇ ਮਿਲੋ ਕਿਉਂਕਿ ਉਨ੍ਹਾਂ ਲਈ ਇਕ ਘੜੀ ਵੀ ਛੇ ਮਹੀਨੇ ਦੇ ਬਰਾਬਰ ਹੈ ।

ਗੁਰੂ ਜੀ ਮੱਘਰ ਮਹੀਨੇ ਵਿਚ ਜੀਵ ਇਸਤਰੀ ਦੀ ਸਥਿਤੀ ਦਾ ਬਿਆਨ ਕਰਕੇ ਫੁਰਮਾਉਂਦੇ ਹਨ:

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ।।
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ।।[16]

ਭਾਵ ਮੱਘਰ ਦਾ ਮਹੀਨਾ ਉਨ੍ਹਾਂ ਜੀਵ ਇਸਤਰੀਆਂ ਲਈ ਚੰਗਾ ਹੈ ਜਿਨ੍ਹਾਂ ਨੇ ਉਸ ਪ੍ਰਭੂ ਪਤੀ ਨੂੰ ਆਪਣੇ ਹਿਰਦੇ ਵਿਚ ਸਮਾਲਿਆ ਹੈ। ਗੁਣਵੰਤੀ ਨਾਰ ਪ੍ਰਭੂ ਪਤੀ ਨੂੰ ਯਾਦ ਕਰਦੀ ਹੈ ਕਿ ਮੈਨੂੰ ਵੀ ਨਿਹਚਲ ਹਰੀ ਚੰਗਾ ਲੱਗਦਾ ਹੈ ਤੇ ਮੈਂ ਵੀ ਹਰ ਵੇਲੇ ਉਸਨੂੰ ਯਾਦ ਕਰਦੀ ਹਾਂ ਤੇ ਪ੍ਰਭੂ ਪਤੀ ਦੀ ਭਗਤੀ ਕਰਦੀ ਹੈ।

ਗੁਰੂ ਜੀ ਪੋਹ ਦੇ ਮਹੀਨੇ ਵਿਚ ਜੀਵਇਸਤਰੀ ਦੀ ਹਾਲਤ ਦਾ ਬਿਆਨ ਕਰਦੇ ਲਿਖਦੇ ਹਨ:

ਪੋਖਿ ਤੁਖਾਰੁ ਪੜੈ ਵਣੁ ਤ੍ਰਿਣ ਰਸੁ ਸੋਖੈ ।।
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ।।
ਮਨਿ ਤਨਿ ਰਵਿ ਰਹਿਆ, ਜਗ ਜੀਵਨ ਗੁਰ ਸਬਦੀ ਰੰਗ ਮਾਣੀ ।।
ਅੰਡਜ ਜੇਰਜ ਸੇਤਜ ਉਤਭਜ ਘਟਿ ਘਟਿ ਜੋਤਿ ਸਮਾਣੀ ।।[17]

ਗੁਰੂ ਜੀ ਫੁਰਮਾਉਂਦੇ ਹਨ ਪੋਹ ਦੇ ਮਹੀਨੇ ਠੰਢ ਵਧਣ ਨਾਲ ਜਾਂ ਬਰਫ਼ ਆਦਿਕ ਪੈਣ ਨਾਲ ਵਣ ਤ੍ਰਿਣ ਭਾਵ ਬਨਸਪਤੀ ਸੁੱਕ ਜਾਂਦੀ ਹੈ ਭਾਵ ਜੀਵਇਸਤਰੀ ਪ੍ਰਭੂਪ੍ਰੀਤਮ ਨੂੰ ਪੁਕਾਰਦੀ ਹੋਈ ਆਖਦੀ ਹੈ ਤੂੰ ਜੋ ਮਨ, ਤਨ ਤੇ ਮੁੱਖ ਵਿਚ ਸਮਾਅ ਰਿਹਾ ਹੈ ।

ਤੇਰੀ ਹੋਂਦ ਨਾਲ ਹੀ ਭਾਵ ਗੁਰੂ ਦੇ ਸ਼ਬਦ ਰਾਹੀਂ ਹੀ ਮੈਂ ਆਤਮਿਕ ਆਨੰਦ ਦੇ ਰੰਗ ਨੂੰ ਮਾਣ ਸਕਦੀ ਹਾਂ ਨਹੀਂ ਤਾਂ ਮੇਰੀ ਹਾਲਤ ਉਸ ਸੁੱਕੀ ਬਨਸਪਤੀ ਵਰਗੀ ਹੋ ਜਾਵੇਗੀ ਜਿਸਨੂੰ ਜਿਆਦਾ ਠੰਢ ਨੇ ਸੁਕਾ ਦਿੱਤਾ ਹੋਵੇ। ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਪਰਮਾਤਮਾ ਤੂੰ ਚਾਰੇ ਖਾਣੀਆਂ ਵਿਚ ਸਮਾਅ ਰਿਹਾ ਹੈ ਤੂੰ ਆਪਣੇ ਦਰਸ਼ਨ ਦੇ ਕੇ ਜੀਵਾਤਮਾ ਨੂੰ ਉਸ ਉੱਚੀ ਆਤਮਕ ਅਵਸਥਾ ਤੱਕ ਪੁੰਹਚਾ ਦੇ ਜਿਥੇ ਪਹੁੰਚ ਜਾਣ ਦੀ ਇੱਛਾ ਜਗਿਆਸੂ ਆਤਮਾ ਆਪਣੇ ਮਨ ਵਿਚ ਰੱਖਦੀ ਹੈ।

ਮਾਘ ਦਾ ਮਹੀਨਾ ਉਨ੍ਹਾਂ ਜੀਵ ਇਸਤਰੀਆਂ ਲਈ ਪਵਿੱਤਰ ਹੈ ਜਿਨ੍ਹਾਂ ਨੇ ਤੀਰਥ ਸਥਾਨ ਆਪਣੇ ਮਨ ਦੇ ਅੰਦਰ ਹੀ ਸਥਾਪਿਤ ਕਰ ਲਿਆ ਹੈ। ਗੁਰੂ ਜੀ ਫੁਰਮਾਉਂਦੇ ਹਨ:

ਮਾਘਿ ਪੁਨੀਤ ਭਈ ਤੀਰਥ ਅੰਤਰਿਜਾਨਿਆ ।।
ਸਾਜਨ ਸਹਿਜ ਮਿਲੇ ਗੁਣ ਗਹਿ ਅੰਕਿ ਸਮਾਲਿਆ ।।[18]

ਜਿਸ ਜੀਵ ਇਸਤਰੀ ਨੇ ਆਪਣੇ ਮਨ ਦੇ ਅੰਦਰ ਤੀਰਥ ਸਥਾਨ ਸਥਾਪਿਤ ਕਰ ਲਿਆ ਉਨ੍ਹਾਂ ਨੂੰ ਸਾਜਨ ਭਾਵ ਪ੍ਰੀਤਮ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ। ਗੁਰੂ ਜੀ ਅਨੁਸਾਰ ਮਨੁੱਖੀ ਜੀਵ ਦੇ ਅੰਦਰੂਨੀ ਸ਼ੁੱਧ ਭਾਵ ਹੀ ਸਰੋਵਰ ਦਾ ਇਸ਼ਨਾਨ ਹਨ ਤੇ ਇਸ ਵਿਚ ਤੀਰਥ ਅਸਥਾਨਾਂ ਦਾ ਇਸ਼ਨਾਨ ਭਾਵ ਹਰੀ ਜਾਪ ਦਾ ਮਹਾ ਰਸ ਛਿਪਿਆ ਹੋਇਆ ਹੈ। ਫਿਰ ਗੁਰੂ ਜੀ ਫੱਗਣ ਮਹੀਨੇ ਵਿਚ ਮੌਸਮ ਦੇ ਬਦਲਾਅ ਨਾਲ ਆਏ ਖੇੜੇ ਤੇ ਖੁਸ਼ੀਆ ਦੀ ਗੱਲ ਕਰਦੇ ਹਨ। ਗੁਰੂ ਜੀ ਦਾ ਫੁਰਮਾਨ ਹੈ:

ਫਲਗੁਨਿ ਮਨਿ ਰਹਸੀ ਪ੍ਰੇਮ ਸੁਭਾਇਆ ।।
ਅਨਦਿਨੁ ਰਹਸੁਭ ਇਆ ਆਪੁ ਗਵਾਇਆ ।।[19]

ਗੁਰੂ ਜੀ ਅਨੁਸਾਰ ਜਿਨ੍ਹਾਂ ਦੇ ਮਨ ਨੂੰ ਹਰੀ ਦਾ ਪ੍ਰੇਮ ਭਾਅ ਗਿਆ, ਉਨ੍ਹਾਂ ਦੇ ਮਨ ਵਿਚ ਖਿੜਾਅ ਆ ਜਾਂਦਾ ਹੈ। ਫਿਰ ਮਨ ਵਿਚੋ ਹੋ ਸਾਰੇ ਭਰਮ ਮੁੱਕ ਜਾਂਦੇ ਹਨ ਤੇ ਉਸਦੀ ਕਿਰਪਾ ਨਾਲ ਮਨ ਵਿਚ ਹਰੀ ਦਾ ਵਾਸਾ ਆ ਜਾਂਦਾ ਹੈ। ਜੋ ਜੀਵਾਤਮਾਵਾਂ ਹਰੀ ਦਾ ਹਿਰਦਾ ਵਿਚ ਵਾਸਾ ਨਹੀਂ ਕਰਦੀਆਂ ਉਹ ਖੁਆਰ ਹੁੰਦੀਆਂਹਨ। ਫਿਰ ਭਾਵੇਂ ਬਾਰਾਂ ਮਹੀਨੇ ਹੀ ਭਟਕਦੀਆਂ ਰਹਿਣ ਉਨ੍ਹਾਂ ਨੂੰ ਹਰੀ ਦਾ ਮਿਲਾਪ ਸੰਭਵ ਨਹੀਂ ਹੁੰਦਾ।

ਇਸ ਤਰ੍ਹਾਂ ਗੁਰੂ ਜੀ ਨੇ ਬਾਰਾਂਮਾਹ ਲੋਕ ਕਾਵਿ ਰਾਹੀਂ ਜਗਿਆਸੂ ਦੇ ਹਿਰਦੇ ਦੀ ਹਾਲਤ ਦਾ ਬਿਆਨ ਵੱਖ-ਵੱਖ ਰੂਪਕ ਵਰਤ ਕੇ ਕੀਤਾ ਹੈ। ਉਨ੍ਹਾਂ ਜੀਵਾਤਮਾ ਤੇ ਹੀ ਰੁੱਤਾਂ ਦੇ ਬਦਲਾਅ ਅਤੇ ਗਰਮੀ ਸਰਦੀ ਦਾ ਅਸਰ ਹੁੰਦਾ ਹੈ ਜੋ ਪ੍ਰਭੂ ਪ੍ਰੀਤਮ ਤੋਂ ਵਿੱਛੜ ਕੇ ਦੁਨਿਆਵੀ ਜੰਜਾਲਾ ਵਿਚ ਫਸ ਗਈਆਂ ਹਨ, ਪਰ ਜਿਹੜੀਆਂ ਜੀਵਾਤਮਾਵਾਂ ਪ੍ਰਭੂ ਪਤੀ ਦੀ ਭਗਤੀ ਵਿਚ ਰੰਗੀਆਂ ਹੋਈਆਂ ਹਨ, ਉਨ੍ਹਾਂ ਤੇ ਰੁੱਤਾਂ ਦੇ ਬਦਲਣ ਦੀ ਕੋਈ ਪ੍ਰਭਾਵ ਨਹੀਂ ਪੈਂਦਾ। ਉਹ ਹਰ ਵੇਲੇ ਪ੍ਰਭੂਪ੍ਰੀਤਮ ਦੀ ਯਾਦ ਵਿਚ ਆਪਣਾ ਸਮਾਂ ਬਤੀਤ ਕਰਦੀਆਂ ਹਨ। ਪ੍ਰਭੂ ਆਪ ਕਿਰਪਾ ਕਰਕੇ ਅਜਿਹੇ ਜੀਵਾਂ ਦੇ ਭਾਗ ਜਗਾ ਦਿੰਦਾ ਹੈ ਜਿਹੜੇ ਉਸਨੂੰ ਹਰ ਵਕਤ ਹਿਰਦੇ ਵਿਚ ਵਸਾ ਕੇ ਰੱਖਦੇ ਤੇ ਉਸ ਦਾ ਸਿਮਰਨ ਕਰਦੇ ਹਨ। ਅਜਿਹੀਆਂ ਜੀਵਾਤਮਾਵਾਂ ਨੂੰ ਪ੍ਰਭੂ ਕਿਰਪਾ ਪਾਉਣ ਲਈ ਹੋਯ ਪਾਖੰਡਾ ਦੀ ਜਰੂਰਤ ਨਹੀਂ ਪੈਂਦੀ ਤੇ ਨਾ ਹੀ ਕੋਈ ਭੇਖ ਧਾਰਨ ਦੀ ਜਰੂਰਤ ਪੈਂਦੀ ਹੈ। ਗੁਰੂ ਜੀ ਨੇ ਇਸ ਰਚਨਾ ਰਾਹੀਂ ਮਨੁੱਖ ਨੂੰ ਸ਼ੁੱਧ ਹਿਰਦੇ ਤੇ ਸੱਚੇ ਦਿਲ ਨਾਲ ਹਰੀ ਪ੍ਰੇਮ ਵਿਚ ਜੁੜ ਕੇ ਉਸਦੀ ਭਗਤੀ ਕਰਨ ਤੇ ਬਲ ਦਿੱਤਾ ਹੈ।ਗੁਰੂ ਜੀ ਦੀ ਇਸ ਬਾਣੀ ਵਿਚ ਹਰ ਮਹੀਨਾ ਅਧਿਆਤਮਕਤਾ ਦਾ ਪੜਾਵੀ ਸਫਰ ਬਣ ਕੇ ਪੇਸ਼ ਹੋ ਰਿਹਾ ਹੈ। ਬਾਰਾਂਮਾਂਹ ਦੇ ਹਰ ਮਹੀਨੇ ਦੇ ਬਦਲਣ ਨਾਲ ਜੀਵ-ਇਸਤਰੀ ਦੀ ਤਾਂਘ ਵਧਦੀ ਜਾਂਦੀ ਹੈ। ਹਰ ਮਹੀਨਾ ਇੰਜ ਲਿਖਿਆ ਜਾਪਦਾ ਹੈ ਜਿਵੇਂ ਗੁਰੂ ਜੀ ਪਰਦੇਸ ਵਿਚ ਬੈਠੇ ਆਪਣੇ ਦੇਸ਼ ਦੇ ਪੌਣ ਪਾਣੀ ਲਈ ਸਹਿਕ ਰਹੇ ਹੋਣ। ਜੋ ਮਾਨਸਿਕ ਹੁਲਾਸ ਅਤੇ ਅਧਿਆਤਮਕ ਸੱਚਾਈ ਦਾ ਪਰਿਚਯ ਸਾਨੂੰ ਬਾਰਾਂਮਾਂਹ ਵਿਚੋਂ ਮਿਲਦਾ ਹੈ, ਉਹ ਇਲਾਹੀ ਆਨੰਦ ਬਖਸ਼ਦਾ ਹੈ।[20] ਇਸ ਇਲਾਹੀ ਆਨੰਦ ਨੂੰ ਉਹ ਜੀਵਇਸਤਰੀ ਮਾਣ ਸਕਦੀ ਹੈ ਜੋ ਹਿਰਦੇ ਵਿਚ ਪ੍ਰਭੂ ਪਤੀ ਦਾ ਵਾਸਾ ਰੱਖਦੀ ਹੈ। ਗੁਰੂ ਬਚਨਾਂ ਦੇ ਚੱਲਦਿਆ ਜਦ ਆਤਮਾ ਤੇ ਪਰਮਾਤਮਾ ਆਪਸ ਵਿਚ ਅਭੇਦ ਹੋ ਜਾਂਦੇ ਹਨ ਤਾਂ ਅਜਿਹੀ ਵਿਸਮਾਦ ਜਨਕ ਸਥਿਤੀ ਨੂੰ ਉਭਾਰਨ ਲਈ ਹੀ ਗੁਰੂ ਜੀ ਨੇ ਬਦਲਦੀਆਂ ਰੁੱਤਾਂ ਦੇ ਨਾਲ ਬਦਲਦੀਆਂ ਮਨੋਸਥਿਤੀਆਂ ਦਾ ਵਰਨਣ ਬਾਰਾਂਮਾਂਹ ਵਿਚ ਕੀਤਾ ਹੈ।

ਬਾਰਾਂਮਾਂਹ ਤੁਖਾਰੀ ਵਿਚ ਗੁਰੂ ਜੀ ਨੇ ਪ੍ਰਕਿਰਤੀ ਦੇ ਹਵਾਲੇ ਅਧਿਆਤਮਕ ਬਿਰਹੋਂ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤੇ ਹਨ। "ਗੁਰੂ ਨਾਨਕ ਦੇਵ ਜੀ ਨੇ ਆਪਣੇ ਬਾਰਾਂਮਾਂਹ ਵਿਚ ਕੁਦਰਤ ਦਾ ਚਿਤਰਣ ਆਪਣੀ ਅਧਿਆਤਮਕ ਬਿਰਹੋਂ ਭਾਵਨਾ ਨੂੰ ਹੀ ਰੂਪਮਾਨ ਕਰਨ ਲਈ ਕੀਤਾ ਹੈ। ਪਰ ਇਹ ਗੱਲ ਖਾਸ ਵਰਤਣ ਯੋਗ ਹੈ ਕਿ ਗੁਰੂ ਜੀ ਬਦਲ ਰਹੀਆਂ ਰੁੱਤਾਂ, ਥਿੱਤਾਂ ਨੂੰ ਇੰਜ ਗਹੁ ਨਾਲ ਵੇਖਦੇ ਪਰਖਦੇ ਹਨ ਕਿ ਉਹਨਾਂ ਦੇ ਵਰਨਣ ਵਿਚ ਬਦਲ ਰਹੀ ਕੁਦਰਤ ਵੀ ਸਾਕਾਰ ਹੋ ਉੱਠਦੀ ਹੈ।[21]

ਸੋ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਆ ਗਿਆ ਬਾਰਾਂਮਾਂਹ ਤੁਖਾਰੀ ਜਿੱਥੇ ਕੁਦਰਤ ਦੇ ਭਰਪੂਰ ਜੀਵਇਸਤਰੀ ਦੀ ਮਾਨਸਿਕ ਸਥਿਤੀ ਦੇ ਪੇਸ਼ਕਾਰੀ ਵੀ ਸਪੱਸ਼ਟ ਤੌਰ ਤੇ ਕਰਦਾ ਹੈ ਤੇ ਜੀਵਇਸਤਰੀ ਨੂੰ ਪ੍ਰੇਰਨਾ ਦਿੰਦਾ ਹੈ ਕਿ ਜੇਕਰ ਉਹ ਆਨੰਦ ਦੀ ਸਥਿਤੀ ਪ੍ਰਾਪਤ ਕਰਨਾ ਚਾਹੁੰਦੀ ਹੈ ਤਾਂ ਉਸਨੂੰ ਹਮੇਸ਼ਾਪ੍ਰਭੂ ਪਤੀ ਨੂੰ ਹਿਰਦੇ ਵਿਚ ਵਸਾ ਕੇ ਰੱਖਣਾਚਾਹੀਦਾ ਹੈ। ਗੁਰੂ ਜੀ ਨੇ ਮਹੀਨਿਆਂ ਅਤੇ ਰੁੱਤਾਂ ਦੇ ਜ਼ਰੀਏ ਜੀਵਆਤਮਾ ਦੀਆਂ ਖਾਹਿਸ਼ਾਂ, ਥੁੜਾਂ, ਲਾਲਸਾਵਾਂ ਅਤੇ ਵੇਦਨਾਵਾਂ ਨੂੰ ਉਭਾਰਿਆ ਹੈ। ਚੇਤ ਮਹੀਨੇ ਤੋਂ ਫੱਗਣ ਮਹੀਨੇ ਤੱਕ ਦਾ ਰੁੱਤ ਚੱਕਰ ਜੀਵਇਸਤਰੀ ਦੇ ਮਨੋ ਸੰਸਾਰ ਦੇ ਸਜੀਵ ਚਿਤਰਨ ਦੇ ਨਾਲ ਨਾਲ ਅਧਿਆਤਮਕਤਾ ਦੀ ਮਿਸਾਲ ਬਣ ਕੇ ਪ੍ਰਗਟ ਹੋ ਰਿਹਾ ਹੈ। ਗੁਰੂ ਜੀ ਨੇ ਇਸਬਾਣੀ ਰਾਹੀਂ ਵਿਯੋਗ ਦੇ ਵਾਤਾਵਰਣ ਰਾਹੀਂ ਅਕਾਲਪੁਰਖ ਨਾਲ ਅਭੇਦਤਾ ਨੂੰ ਕ੍ਰਮਿਕ ਅਤੇ ਪੜਾਅਦਾਰ ਰੂਪ ਵਿਚ ਬਿਆਨ ਕੀਤਾ ਹੈ।

## ਹਵਾਲੇ


1. ਸ੍ਰੀਗੁਰੂਗ੍ਰੰਥਸਾਹਿਬ ਜੀ, ਅੰਗ 1107.
2. ਉਹੀ
3. ਉਹੀ

4. ਉਹੀ
5. ਉਹੀ
6. ਉਹੀ 1108.
7. ਉਹੀ
8. ਉਹੀ
9. ਉਹੀ
10. ਉਹ
11. ਉਹੀ
12. ਉਹੀ
13. ਉਹੀ
14. ਉਹੀ
15. ਉਹੀ, ਅੰਗ 1109.
16. ਉਹੀ
17. ਉਹੀ
18. ਉਹੀ
19. ਉਹੀ
20. ਕੁਲਬੀਰ ਸਿੰਘ ਕਾਂਗ, ਗੁਰੂ ਨਾਨਕ ਬਾਣੀ ਅਧਿਐਨ ਤੇ ਮੰਥਨ, ਪੰਨਾ 92.
21. ਡਾ. ਪ੍ਰੇਮ ਪ੍ਰਕਾਸ਼ ਸਿੰਘ, ਖੋਜ ਪੱਤ੍ਰਿਕਾ ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ, ਪੰਨੇ 232-33.